## ਅਧਿਆਇ 27

# ਡੇਹਰੇ ਦੇ ਲਈ ਹਦਾਇਤਾਂ (ਭਾਗ 3)

27 ਅਧਿਆਇ ਵਿਚ, ਪਰਮੇਸ਼ੁਰ ਨੇ ਡੇਹਰੇ ਦੇ ਹਾਤੇ - ਡੇਹਰੇ ਦੇ ਆਲੇ-ਦੁਆਲੇ ਦੀ ਥਾਂ - ਸੰਬੰਧੀ ਹਦਾਇਤਾਂ ਦਿੱਤੀਆਂ ਸਨ। ਪਹਿਲਾਂ ਪਰਮੇਸ਼ੁਰ ਨੇ ਇਹ ਵਰਣਨ ਕੀਤਾ ਸੀ ਕਿ ਮੂਸਾ ਨੇ ਕਿਵੇਂ ਪਿੱਤਲ ਦੀ ਜਗਵੇਦੀ ਬਣਾਉਣੀ ਸੀ ਜੋ ਹਾਤੇ ਵਿਚ ਖੜ੍ਹੀ ਹੋਵੇਗੀ (27:1-8) ਅਤੇ ਫਿਰ ਉਨ੍ਹਾਂ ਪੜਦਿਆਂ ਦੀ ਵਾੜ ਨੂੰ ਬਣਾਉਣ ਦੇ ਲਈ ਹਦਾਇਤਾਂ ਦਿੱਤੀਆਂ ਜੋ ਹਾਤੇ ਦੇ ਆਲੇ-ਦੁਆਲੇ ਸਨ (27:9-19)। ਇਹ ਅਧਿਆਇ ਉਸ ਤੇਲ ਸੰਬੰਧੀ ਇਕ ਛੋਟੀ ਜਿਹੀ ਟਿੱਪਣੀ ਦੇ ਨਾਲ ਖਤਮ ਹੁੰਦਾ ਹੈ ਜੋ ਡੇਹਰੇ ਵਿਚ ਚਾਨਣ ਲਿਆਉਣ ਦੇ ਲਈ ਬਾਲਿਆ ਗਿਆ ਸੀ (27:20, 21)।

ਜਿਵੇਂ 25 ਅਤੇ 26 ਅਧਿਆਵਾਂ ਵਿਚ ਧੂਪ ਧੁਖਾਉਣ ਵਾਲੀ ਜਗਵੇਦੀ ਡੇਹਰੇ ਦੀਆਂ ਚੀਜ਼ਾਂ ਦੇ ਵਰਣਨ ਵਿਚ ਸ਼ਾਮਲ ਨਹੀਂ ਕੀਤੀ ਗਈ ਹੈ, ਅਧਿਆਇ 27 ਵਿਚ ਇਕ ਰੋਚਕ ਭੁੱਲ ਹੈ: ਹੌਦ ਦਾ ਵਰਣਨ। ਹਾਲਾਂਕਿ ਹੌਦ ਹਾਤੇ ਵਿਚ ਪਾਈ ਗਈ ਸੀ, ਇਸ ਨੂੰ ਬਣਾਉਣ ਦੇ ਲਈ ਹਦਾਇਤਾਂ 30:17-21 ਤੱਕ ਕਿਤੇ ਨਹੀਂ ਦਿਖਾਈ ਦਿੰਦੀਆਂ।

## ਪਿੱਤਲ ਦੀ ਜਗਵੇਦੀ (27:1-8)

**1ਤੂੰ ਸ਼ਿੱਟੀਮ ਦੀ ਲੱਕੜੀ ਦੀ ਇੱਕ ਜਗਵੇਦੀ ਪੰਜ ਹੱਥ ਲੰਮੀ ਅਤੇ ਪੰਜ ਹੱਥ ਚੌੜੀ ਬਣਾਈਂ।
ਉਹ ਜਗਵੇਦੀ ਚੌਰਸ ਹੋਵੇ ਅਰ ਉਸ ਦੀ ਉਚਾਈ ਤਿੰਨ ਹੱਥ ਹੋਵੇ। 2ਤੂੰ ਉਹ ਦੇ ਸਿੰਙ ਉਹ ਦੇ ਚੌਹਾਂ
ਖੂੰਜਿਆਂ ਉੱਤੇ ਬਣਾਈਂ। ਉਹ ਦੇ ਸਿੰਙ ਉਸੇ ਤੋਂ ਹੋਣ ਅਰ ਤੂੰ ਉਸ ਨੂੰ ਪਿੱਤਲ ਨਾਲ ਮੜ੍ਹੀਂ। 3ਤੂੰ ਉਹ
ਦੀ ਸੁਆਹ ਚੁੱਕਣ ਵਾਲੇ ਤਸਲੇ ਅਰ ਉਹ ਦੇ ਕੜਛੇ ਅਰ ਉਹ ਦੇ ਬਾਟੇ ਅਰ ਉਹ ਦੀਆਂ
ਤ੍ਰਿਸੂਲੀਆਂ ਅਰ ਉਹ ਦੀਆਂ ਅੰਗੀਠੀਆਂ ਬਣਾਈਂ। 4ਉਸ ਦੇ ਸਾਰੇ ਭਾਂਡੇ ਤੂੰ ਪਿੱਤਲ ਦੇ ਬਣਾਈਂ। ਤੂੰ
ਉਹ ਦੇ ਲਈ ਪਿੱਤਲ ਦੀ ਇੱਕ ਜਾਲੀਦਾਰ ਝੰਞਰੀ ਬਣਾਈਂ ਅਤੇ ਤੂੰ ਜਾਲੀ ਉੱਤੇ ਉਹ ਦੇ ਚੌਹਾਂ
ਖੂੰਜਿਆਂ ਉੱਤੇ ਚਾਰ ਕੜੇ ਪਿੱਤਲ ਦੇ ਬਣਾਈਂ। 5ਤੂੰ ਉਹ ਨੂੰ ਜਗਵੇਦੀ ਦੇ ਥੜੇ ਹੇਠ ਦੀ ਰੱਖੀਂ। ਐਉਂ
ਉਹ ਜਾਲੀ ਜਗਵੇਦੀ ਦੇ ਗੱਭੇ ਹੋਵੇ। 6ਤੂੰ ਜਗਵੇਦੀ ਲਈ ਚੋਬਾਂ ਬਣਾਈਂ ਅਰਥਾਤ ਸ਼ਿੱਟੀਮ ਦੀ
ਲੱਕੜੀ ਦੀਅ ਚੋਬਾਂ ਅਤੇ ਤੂੰ ਉਨ੍ਹਾਂ ਨੂੰ ਪਿੱਤਲ ਨਾਲ ਮੜ੍ਹੀਂ। 7ਤੂੰ ਉਹ ਦੀਆਂ ਚੋਬਾਂ ਨੂੰ ਕੜਿਆਂ ਵਿੱਚ
ਪਾਵੀਂ ਅਤੇ ਓਹ ਚੋਬਾਂ ਜਗਵੇਦੀ ਦੇ ਚੁੱਕਣ ਲਈ ਦੋਹੀਂ ਪਾਸੀਂ ਹੋਣਗੀਆਂ। 8ਤੂੰ ਉਹ ਨੂੰ ਫੱਟੀਆਂ
ਨਾਲ ਖੋਖਲਾ ਬਣਾਈਂ। ਜਿਵੇਂ ਤੈਨੂੰ ਪਹਾੜ ਉੱਤੇ ਵਿਖਲਾਇਆ ਗਿਆ ਤਿਵੇਂ ਓਹ ਉਸ ਨੂੰ ਬਣਾਉਣ।**

**ਆਇਤ 1.** ਕੂਚ 27:1-8 ਵਿਚ ਉਹ ਹਦਾਇਤਾਂ ਹਨ ਜੋ ਮੂਸਾ ਨੂੰ ਹੋਮ ਦੀ ਬਲੀ ਦੀ **ਜਗਵੇਦੀ** ਬਚਾਉਣ ਦੇ ਲਈ ਮਿਲੀਆਂ ਸਨ। ਉਹ ਢਾਂਚਾ ਜਿਸ ਨੂੰ ਇੱਥੇ ਸਿਰਫ "ਜਗਵੇਦੀ" ਕਿਹਾ ਗਿਆ ਹੈ ਅੱਗੇ ਚੱਲੇ ਕੇ ਵਿਰਤਾਂਤ ਵਿਚ ਇਸ ਦਾ "ਹੋਮ ਦੀ ਬਲੀ ਦੀ ਜਗਵੇਦੀ" ਦੇ ਰੂਪ ਵਿਚ ਹਵਾਲਾ ਦਿੱਤਾ ਗਿਆ ਹੈ (30:28; 31:9; 38:1; ਵੇਖੋ ਲੇਵੀਆਂ 4:7, 10, 18)। ਇਹ ਜਗਵੇਦੀ ਖੋਖਲੀ ਸੀ (27:8) ਜਿਹੜੀ ਕਿ **ਸ਼ਿੱਟੀਮ ਦੀ ਲੱਕੜੀ** ਦੀ ਬਣਾਈ ਗਈ ਸੀ ਅਤੇ "ਪਿੱਤਲ" ਨਾਲ ਮੜ੍ਹੀ

ਹੋਈ ਸੀ (27:2)। ਇਹ ਲਗਭਗ **ਪੰਜ ਹੱਥ ... ਚੌਰਸ** ਅਤੇ **ਤਿੰਨ ਹੱਥ** ਉੱਚੀ (7½' ਚੌਰਸ ਅਤੇ 4½' ਉੱਚੀ) ਸੀ।

ਇਸ ਜਗਵੇਦੀ ਅਤੇ 20:24-26 ਵਿਚ ਵਰਣਨ ਕੀਤੀ ਗਈ ਜਗਵੇਦੀ ਵਿਚਕਾਰ ਸੰਬੰਧ ਅਨਿਸ਼ਚਤ ਹੈ। ਇਨ੍ਹਾਂ ਦੋ ਬੰਦਾਂ ਨੂੰ ਪੂਰਕ ਦੇ ਤੌਰ ਤੇ ਵੇਖਿਆ ਜਾ ਸਕਦਾ ਹੈ। ਸ਼ਾਇਦ ਅਧਿਆਇ 27 ਵਿਚ ਜਿਸ ਜਗਵੇਦੀ ਦਾ ਵਰਣਨ ਕੀਤਾ ਗਿਆ ਸੀ ਉਹ ਢਾਂਚਾ ਪ੍ਰਦਾਨ ਕਰਦੀ ਸੀ, ਜਦ ਕਿ ਅਧਿਆਇ 20 ਵਿਚ ਜਿਸ ਜਗਵੇਦੀ ਦਾ ਵਰਣਨ ਕੀਤਾ ਗਿਆ ਹੈ ਉਹ ਉਸ ਬਾਰੇ ਦੱਸਦੀ ਹੈ ਜੋ ਢਾਂਚੇ ਅੰਦਰ ਜਾਣਾ ਸੀ: ਧਰਤੀ ਅਤੇ/ਜਾਂ ਪੱਥਰ।[1] ਇਕ ਹੋਰ ਸੰਭਾਵਨਾ ਇਹ ਹੈ ਕਿ ਦੋ ਵੱਖ-ਵੱਖ ਜਗਵੇਦੀਆਂ ਦਾ ਵਰਣਨ ਕੀਤਾ ਗਿਆ ਹੈ; ਸ਼ਾਇਦ ਉਨ੍ਹਾਂ ਦੇ ਵੱਖੋ-ਵੱਖ ਕੰਮ ਸਨ ਜਾਂ ਵੱਖ-ਵੱਖ ਸਮਿਆਂ ਤੇ ਵਰਤੋਂ ਲਈ ਸਨ। ਅਧਿਆਇ 20 ਵਿਚ ਜਿਸ ਜਗਵੇਦੀ ਦਾ ਵਰਣਨ ਕੀਤਾ ਗਿਆ ਹੈ ਉਹ ਸ਼ਾਇਦ ਸਿਰਫ ਹੋਮ ਬਲੀ ਦੀ ਜਗਵੇਦੀ ਦੇ ਬਣਨ ਤੀਕ ਜਾਂ ਸਿਰਫ ਉਜਾੜ ਵਿਚ ਇਸਰਾਏਲੀਆਂ ਦੇ ਸਮੇਂ ਦੌਰਾਨ ਵਰਤੀ ਗਈ ਹੋਵੇਗੀ। ਬਾਅਦ ਵਿਚ, ਜਾਨਵਰ ਸਿਰਫ ਡੇਹਰੇ (ਜਾਂ ਹੈਕਲ) ਦੇ ਹਾਤੇ ਵਿਚ ਜੋ ਜਗਵੇਦੀ ਦੀ ਉਸ ਤੇ ਬਲੀਦਾਨ ਕੀਤੇ ਜਾਣੇ ਸਨ। ਕੋਈ ਵੀ ਵਿਆਖਿਆ ਪੂਰੀ ਤਰ੍ਹਾਂ ਤਸੱਲੀਬਖਸ਼ ਨਹੀਂ ਹੈ।

**ਆਇਤ 2.** ਜਗਵੇਦੀ ਦੇ **ਚੌਹਾਂ ਖੂੰਜਿਆਂ** ਤੇ ਸਿੰਙ ਸਨ ਜੋ **ਪਿੱਤਲ** ਨਾਲ ਮੜ੍ਹੇ ਸਨ। ਇਨ੍ਹਾਂ ਨੂੰ ਸਿੰਙ ਕਿਹਾ ਗਿਆ ਸੀ, ਸ਼ਾਇਦ ਇਸ ਲਈ ਕਿਉਂਕਿ ਉਹ ਪਸੂ ਤੇ ਸਿੰਙਾਂ ਵਾਂਗ ਦਿਸਦੇ ਸਨ। ਸਿੰਙ ਜਗਵੇਦੀ ਨਾਲ ਜੁੜੇ ਹੋਏ ਸਨ, ਜਿਵੇਂ ਕਿ **ਉਸੇ ਤੋਂ ਹੋਣ**। ਉਹ ਬਲੀਦਾਨਾਂ ਨੂੰ ਉਨ੍ਹਾਂ ਦੀ ਥਾਂ ਤੇ ਜਗਵੇਦੀ ਨਾਲ ਬੰਨ੍ਹਣ ਦੇ ਲਈ ਵਰਤੇ ਜਾਣੇ ਹੋਣਗੇ (ਜ਼ਬੂਰ 118:27)।[2] ਜਦੋਂ ਬਲੀਦਾਨ ਚੜ੍ਹਾਏ ਜਾਂਦੇ ਸਨ, ਸਿੰਙਾਂ ਉੱਤੇ ਲਹੂ ਛਿੜਕਿਆ ਜਾਂਦਾ ਸੀ (ਕੂਚ 29:12; ਲੇਵੀਆਂ 4:7)। ਇਹ ਸਿੰਙ "ਸਮਰੱਥਾ, ਮਦਦ ਅਤੇ ਪਵਿੱਤਰ ਅਸਥਾਨ ਦੇ ਪ੍ਰਤੀਕ" ਹੋਣਗੇ (1 ਸਮੂਏਲ 2:1, 10; 2 ਸਮੂਏਲ 22:3; 1 ਰਾਜਿਆਂ 1:50; 2:28; ਜ਼ਬੂਰ 89:17; 112:9 ਨਾਲ ਤੁਲਨਾ ਕਰੋ)।[3] ਇਸ ਤੋਂ ਇਲਾਵਾ, ਇਸਰਾਏਲ ਵਿਚ ਇਕ ਰੀਤ ਚੱਲ ਪਈ ਕਿ ਕੋਈ ਵੀ ਵਿਅਕਤੀ ਜਗਵੇਦੀ ਦੇ ਸਿੰਙਾਂ ਨੂੰ ਫੜ ਕੇ ਪਨਾਹ ਨਹੀਂ ਸੀ ਲੈ ਸਕਦਾ (ਵੇਖੋ 1 ਰਾਜਿਆਂ 1:49-53; 2:28-34)। ਪੁਰਾਤੱਤਵ ਵਿਗਿਆਨੀਆਂ ਨੂੰ ਇਸਰਾਏਲ ਵਿਚ ਮਗਿੱਦੋ, ਗਜ਼ਰ ਅਤੇ ਬਏਰਸਬਾ ਵਰਗੀਆਂ ਥਾਵਾਂ ਤੇ ਚਾਰ ਸਿੰਙਾਂ ਵਾਲੀਆਂ ਪੱਥਰ ਦੀਆਂ ਜਗਵੇਦੀਆਂ ਮਿਲੀਆਂ ਹਨ।[4]

**ਆਇਤ 3.** ਮੂਸਾ ਨੂੰ ਜਗਵੇਦੀ ਦੇ ਨਾਲ ਵਰਤਣ ਲਈ ਭਾਂਡੇ - ਇਸ ਦੇ **ਤਸਲੇ, ਕੜਛੇ, ਬਾਟੇ, ਤ੍ਰਿਸੂਲੀਆਂ** ਅਰ **ਅੰਗੀਠੀਆਂ** - ਬਣਾਉਣ ਦੇ ਲਈ ਵੀ ਹਦਾਇਤਾਂ ਦਿੱਤੀਆਂ ਗਈਆਂ ਸਨ। ਇਹ ਸਭ ਚੀਜ਼ਾਂ ਪਿੱਤਲ ਦੀਆਂ ਬਣਾਉਣੀਆਂ ਸਨ। ਜੌਨ ਆਈ. ਡਰਹਮ ਨੇ ਲਿਖਿਆ,

> ਜਗਵੇਦੀ ਦੇ ਲਈ ਸਹਾਇਕ ਉਪਕਰਣ ... ਜਿਸ ਵਿਚ ਸ਼ਾਮਲ ਸਨ ਸੁਆਹ ਚੁੱਕਣ ਵਾਲਾ ਭਾਂਡਾ ਜਾਂ ਤਸਲਾ, ਉਸ ਉਦੇਸ਼ ਲਈ ਉਸ ਦੇ ਨਾਲ ਇਕ ਖਾਸ ਕੜਛਾ, ਤਰਲ ਪਦਾਰਥ ਨੂੰ ਪਾਉਣ ਦੇ ਲਈ ਬਾਟਾ, ਮਾਸ ਅਤੇ ਚਰਬੀ ਨੂੰ ਪਾਉਣ ਦੇ ਲਈ ਤ੍ਰਿਸੂਲੀਆਂ ਅਤੇ ਅੱਗ ਦੇ ਕੋਲਿਆਂ ਨੂੰ ਪਾਉਣ ਦੇ ਲਈ ਅੰਗੀਠੀਆਂ।[5]

**ਆਇਤਾਂ 4, 5.** ਹਦਾਇਤਾਂ **ਥੜੇ**, **ਗੱਭੇ** ਦੀ ਗੱਲ ਕਰਦੀਆਂ ਹਨ, ਜੋ **ਪਿੱਤਲ ਦੀ ਇੱਕ ਜਾਲੀਦਾਰ ਝੰਞਰੀ** ਦੇ ਲਈ ਅਰਾਮ ਦੀ ਥਾਂ ਦੇ ਰੂਪ ਵਿਚ ਕੰਮ ਕਰਦੇ ਹੋਣਗੇ। ਜੇਕਰ ਇਹ ਬਕਸੇ ਦੇ ਬਾਹਰ ਵਾਰ ਸੀ, ਇਸ ਨੇ ਜਾਜਕਾਂ ਦੇ ਲਈ ਖੜ੍ਹੇ ਹੋਣ ਦੀ ਥਾਂ ਪ੍ਰਦਾਨ ਕੀਤੀ ਹੋਵੇਗੀ ਜਦੋਂ ਉਹ ਬਲੀਦਾਨ ਚੜ੍ਹਾਉਂਦੇ ਸਨ।

ਇਹ ਅਸਪੱਸ਼ਟ ਹੈ ਕਿ ਅੱਗ ਅੰਗੀਠੀ ਦੇ ਹੇਠਾਂ ਲਾਈ ਜਾਂਦੀ ਸੀ ਅਤੇ ਬਲੀਦਾਨ ਉਸ ਦੇ

ਉੱਤੇ ਰੱਖੇ ਜਾਂਦੇ ਸਨ, ਜਾਂ ਅੱਗ ਅਤੇ ਲੱਕੜੀ ਦੋਹੇਂ ਅਤੇ ਬਲੀਦਾਨ ਅੰਗੀਠੀ ਦੇ ਉੱਤੇ ਰੱਖੇ ਜਾਂਦੇ ਸਨ। ਕੁਝ ਵੀ ਹੋਵੇ, ਉਹ ਧਾਤੂ ਜਿਸ ਨਾਲ ਇਸ ਨੂੰ ਮੜ੍ਹਿਆ ਗਿਆ ਸੀ ਲੱਕੜੀ ਦੇ ਢਾਂਚੇ ਨੂੰ ਅੱਗ ਲੱਗਣ ਤੋਂ ਰੋਕਦਾ ਸੀ। ਬਲੀਦਾਨ ਚੜ੍ਹਾਉਣ ਤੋਂ ਪਹਿਲਾਂ ਜਗਵੇਦੀ ਤੇ ਜੋ ਵੀ ਗੰਦਗੀ ਹੁੰਦੀ ਸੀ ਸਭ ਅੱਗ ਨਾਲ ਸੜ ਜਾਂਦੀ ਸੀ ਅਤੇ ਪਿੱਤਲ ਨਾਲ ਮੜ੍ਹੀ ਲੱਕੜੀ ਨੂੰ ਅੱਗ ਦੀਆਂ ਲਾਟਾਂ ਤੋਂ ਬਚਾਉਂਦੀ ਸੀ।

**ਆਇਤਾਂ 6-8. ਜਗਵੇਦੀ** ਕਾਫ਼ੀ ਵੱਡੀ, ਭਾਰੀ ਅਤੇ ਮੁਸ਼ਕਲ ਹੋਵੇਗੀ। ਫਿਰ ਵੀ, ਇਹ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਣ ਦੇ ਲਈ ਬਣਾਈ ਗਈ ਸੀ। **ਚੋਬਾਂ** ਨੂੰ **ਕੜਿਆਂ** ਵਿਚ ਫਿੱਟ ਕਰਨ ਦਾ ਪ੍ਰਬੰਧ ਕੀਤਾ ਗਿਆ ਸੀ ਜੋ ਇਸ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਣਾ ਅਸਾਨ ਬਣਾਉਂਦੇ ਸਨ (27:4-7)।

ਅਧਿਆਇ 27 ਇਹ ਨਹੀਂ ਦੱਸਦਾ ਕਿ ਜਗਵੇਦੀ ਨੂੰ ਕਿਵੇਂ ਇਸਤੇਮਾਲ ਕੀਤਾ ਜਾਣਾ ਸੀ; ਇਸ ਤੇ ਚੜ੍ਹਾਏ ਗਏ ਬਲੀਦਾਨਾਂ ਨਾਲ ਪਾਠਕ ਦੀ ਪਛਾਣ ਦੀ ਕਲਪਨਾ ਕੀਤੀ ਗਈ ਹੈ। ਉਨ੍ਹਾਂ ਬਲੀਦਾਨਾਂ ਸੰਬੰਧੀ ਵਾਧੂ ਹਦਾਇਤਾਂ ਲੇਵੀਆਂ ਦੀ ਪੁਸਤਕ ਵਿਚ ਦਿੱਤੀਆਂ ਗਈਆਂ ਹਨ। ਜਗਵੇਦੀ ਤੇ ਚੜ੍ਹਾਏ ਜਾਣ ਵਾਲੇ ਬਲੀਦਾਨਾਂ ਦੇ ਵੱਖ-ਵੱਖ ਉਦੇਸ਼ ਸਨ, ਪਰ ਉਨ੍ਹਾਂ ਦਾ ਮੁਢਲਾ ਉਦੇਸ਼ ਪਾਪ ਦੇ ਲਈ ਪ੍ਰਾਸਚਿੱਤ ਕਰਨਾ ਸੀ (ਲੇਵੀਆਂ 4:18-20)। ਜਗਵੇਦੀ ਦੇ ਉੱਤੇ ਪਸੂ ਦੇ ਬਲੀਦਾਨ ਤੋਂ ਪਹਿਲਾਂ "ਜਗਵੇਦੀ ਦੇ ਸਿੰਙਾਂ ਉੱਤੇ ਥੋੜ੍ਹਾ ਲਹੂ" ਪਾਇਆ ਜਾਂਦਾ ਸੀ ਅਤੇ ਬਾਕੀ ਦਾ ਲਹੂ ਜਗਵੇਦੀ ਦੇ ਹੇਠਾਂ ਉਂਡੇਲ ਦਿੱਤਾ ਜਾਂਦਾ ਸੀ। ਪ੍ਰਾਸਚਿੱਤ ਦੇ ਸਾਲਾਨਾ ਦਿਵਸ ਤੇ, ਪਰਧਾਨ ਜਾਜਕ ਲੋਕਾਂ ਦੇ ਲਈ ਪ੍ਰਾਸਚਿੱਤ ਕਰਨ ਵਾਸਤੇ ਬਲੀਦਾਨ ਕੀਤੇ ਹੋਏ ਪਸੂ ਦਾ ਥੋੜ੍ਹਾ ਜਿਹਾ ਲਹੂ ਅੱਤ ਪਵਿੱਤਰ ਅਸਥਾਨ ਵਿਚ ਲੈ ਕੇ ਜਾਂਦਾ ਸੀ (ਲੇਵੀਆਂ 16)। ਹੋਮ ਦੀ ਬਲੀ ਦੀ ਜਗਵੇਦੀ ਉਸ ਪ੍ਰਕਿਰਿਆ ਦਾ ਇਕ ਜ਼ਰੂਰੀ ਹਿੱਸਾ ਸੀ ਜਿਸ ਦੇ ਦੁਆਰਾ ਇਸਰਾਏਲ ਨੇ ਮਾਫ਼ੀ ਮੰਗੀ ਅਤੇ ਪ੍ਰਾਪਤ ਕੀਤੀ।

ਨਵਾਂ ਨੇਮ ਸਿੱਖਿਆ ਦਿੰਦਾ ਹੈ ਕਿ, ਇਨ੍ਹਾਂ ਬਾਅਦ ਵਾਲੇ ਦਿਨਾਂ ਵਿਚ, ਮਸੀਹ ਸਾਡਾ ਬਲੀਦਾਨ ਅਤੇ ਪਰਧਾਨ ਜਾਜਕ ਦੋਵੇਂ ਹੀ ਹੈ ਜਿਹੜਾ ਬਲੀਦਾਨ ਦੇ ਲਹੂ ਨੂੰ ਅੱਤ ਪਵਿੱਤਰ ਅਸਥਾਨ ਵਿਚ ਲੈ ਕੇ ਜਾਂਦਾ ਹੈ (ਇਬਰਾਨੀਆਂ 8:1; 9:11-15)। ਉਸ ਦੇ ਲਹੂ ਦੇ ਦੁਆਰਾ ਅੱਜ ਲੋਕ ਬਚਾਏ ਜਾਂਦੇ ਹਨ (ਅਫ਼ਸੀਆਂ 1:7)। ਇਸ ਤੋਂ ਇਲਾਵਾ, ਜਗਵੇਦੀ ਸ਼ਬਦ ਉਸ ਸਮੇਂ ਇਸਤੇਮਾਲ ਕੀਤਾ ਜਾਂਦਾ ਹੈ ਜਦੋਂ ਮਸੀਹੀ ਲੋਕਾਂ ਨੂੰ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ "ਜੀਉਂਦਾ ... ਬਲੀਦਾਨ" ਕਰਕੇ ਚੜ੍ਹਾਉਣ ਦੇ ਲਈ ਕਿਹਾ ਜਾਂਦਾ ਹੈ (ਰੋਮੀਆਂ 12:1, 2)।

## ਹਾਤਾ (27:9-19)

**9ਐਉਂ ਤੂੰ ਡੇਹਰੇ ਦਾ ਹਾਤਾ ਬਣਾਈਂ। ਦੱਖਣ ਵੱਲ ਦੇ ਪਾਸੇ ਹਾਤੇ ਲਈ ਮਹੀਨ ਉਣੀ ਹੋਈ ਕਤਾਨ ਦੀਆਂ ਕਨਾਤਾਂ ਹੋਣ ਅਤੇ ਇੱਕ ਪਾਸੇ ਦੀ ਲੰਬਾਈ ਸੌ ਹੱਥ ਹੋਵੇ। 10ਅਤੇ ਉਹ ਦੀਆਂ ਥੰਮ੍ਹੀਆਂ ਵੀਹ ਅਤੇ ਉਨ੍ਹਾਂ ਦੀਆਂ ਚੀਥੀਆਂ ਵੀਹ ਪਿੱਤਲ ਦੀਆਂ ਹੋਣ ਅਤੇ ਥੰਮ੍ਹੀਆਂ ਦੇ ਕੁੰਡੇ ਅਤੇ ਉਨ੍ਹਾਂ ਦੇ ਕੜੇ ਚਾਂਦੀ ਦੇ ਹੋਣ। 11ਐਉਂ ਉੱਤਰ ਦੇ ਪਾਸੇ ਵੱਲ ਸੌ ਹੱਥ ਲੰਬੀਆਂ ਕਨਾਤਾਂ ਹੋਣ ਅਤੇ ਉਹ ਦੀਆਂ ਥੰਮ੍ਹੀਆਂ ਵੀਹ ਅਤੇ ਉਨ੍ਹਾਂ ਦੀਆਂ ਚੀਥੀਆਂ ਵੀਹ ਪਿੱਤਲ ਦੀਆਂ ਹੋਣ ਅਤੇ ਥੰਮ੍ਹੀਆਂ ਦੇ ਕੁੰਡੇ ਅਤੇ ਉਨ੍ਹਾਂ ਦੇ ਕੜੇ ਚਾਂਦੀ ਦੇ ਹੋਣ। 12ਹਾਤੇ ਦੀ ਚੁੜਾਈ ਲਈ ਲਹਿੰਦੇ ਪਾਸੇ ਵੱਲ ਪੰਜਾਹ ਹੱਥ ਦੀਆਂ ਕਨਾਤਾਂ ਅਤੇ ਉਨ੍ਹਾਂ ਦੀਆਂ ਥੰਮ੍ਹੀਆਂ ਦਸ ਅਤੇ ਚੀਥੀਆਂ ਦਸ ਹੋਣ। 13ਅਤੇ ਹਾਤੇ ਦੀ ਚੁੜਾਈ ਚੜ੍ਹਦੇ ਪਾਸੇ ਵੱਲ ਪੰਜਾਹ ਹੱਥ ਹੋਵੇ। 14ਅਤੇ ਫਾਟਕ ਦੇ ਇੱਕ ਪਾਸੇ ਦੀਆਂ ਕਨਾਤਾਂ ਪੰਦਰਾਂ ਹੱਥ ਹੋਣ ਅਰ ਉਨ੍ਹਾਂ ਦੀਆਂ ਥੰਮ੍ਹੀਆਂ ਤਿੰਨ ਅਤੇ ਉਨ੍ਹਾਂ ਦੀਆਂ ਚੀਥੀਆਂ ਤਿੰਨ ਹੋਣ। 15ਅਰ ਦੂਜੇ ਪਾਸੇ**

**ਦੀਆਂ ਕਨਾਤਾਂ ਪੰਦਰਾਂ ਹੱਥ ਹੋਣ। ਉਨ੍ਹਾਂ ਦੀਆਂ ਥੰਮ੍ਹੀਆਂ ਤਿੰਨ ਅਤੇ ਉਨ੍ਹਾਂ ਦੀਆਂ ਚੀਥੀਆਂ ਤਿੰਨ ਹੋਣ। [16]ਹਾਤੇ ਦੇ ਫਾਟਕ ਲਈ ਇੱਕ ਓਟ ਵੀਹ ਹੱਥ ਦੀ ਨੀਲੇ, ਬੈਂਗਣੀ ਅਰ ਕਿਰਮਚੀ ਮਹੀਨ ਉਣੇ ਹੋਏ ਕਤਾਨ ਦੇ ਬਣਾਈਂ ਅਤੇ ਏਹ ਕਸੀਦੇਕਾਰ ਦਾ ਕੰਮ ਹੋਵੇ। ਉਨ੍ਹਾਂ ਦੀਆਂ ਥੰਮ੍ਹੀਆਂ ਚਾਰ ਅਰ ਉਨ੍ਹਾਂ ਦੀਆਂ ਚੀਥੀਆਂ ਚਾਰ ਹੋਣ। [17]ਅਤੇ ਹਾਤੇ ਦੀਆਂ ਸਾਰੀਆਂ ਥੰਮ੍ਹੀਆਂ ਚੁਫੇਰੇ ਚਾਂਦੀ ਦੀਆਂ ਲਕੀਰਾਂ ਨਾਲ ਸਜਾਈਆਂ ਹੋਈਆਂ ਹੋਣ। ਉਨ੍ਹਾਂ ਦੇ ਕੁੰਡੇ ਚਾਂਦੀ ਦੇ ਅਤੇ ਉਨ੍ਹਾਂ ਦੀਆਂ ਥੰਮ੍ਹੀਆਂ ਪਿੱਤਲ ਦੀਆਂ ਹੋਣ। [18]ਹਾਤੇ ਦੀ ਲੰਬਾਈ ਸੌ ਹੱਥ ਅਰ ਚੁੜਾਈ ਸਭਨੀਂ ਥਾਈਂ ਪੰਜਾਹ ਹੱਥ ਅਤੇ ਉਸ ਦੀ ਉਚਾਈ ਪੰਜ ਹੱਥ ਮਹੀਨ ਉਣੀ ਹੋਈ ਕਤਾਨ ਦੀ ਹੋਵੇ ਅਤੇ ਉਨ੍ਹਾਂ ਦੀਆਂ ਚੀਥੀਆਂ ਪਿੱਤਲ ਦੀਆਂ ਹੋਣ। [19]ਡੇਹਰੇ ਦਾ ਸਾਰਾ ਸਮਾਨ ਜਿਹੜਾ ਉਸ ਦੀ ਸਾਰੀ ਉਪਾਸਨਾ ਲਈ ਹੋਵੇ ਅਤੇ ਉਹ ਦੀਆਂ ਸਾਰੀਆਂ ਕੀਲੀਆਂ ਅਤੇ ਹਾਤੇ ਦੀਆਂ ਸਾਰੀਆਂ ਕੀਲੀਆਂ ਪਿੱਤਲ ਦੀਆਂ ਹੋਣ।**

**ਆਇਤਾਂ 9-13.** ਫਿਰ ਅੱਗੇ ਪਰਮੇਸ਼ੁਰ ਨੇ ਹਾਤੇ ਨੂੰ ਬਣਾਉਣ ਦੇ ਲਈ ਹਦਾਇਤਾਂ ਦਿੱਤੀਆਂ। ਤੰਬੂ ਹਾਤੇ ਨਾਲ ਘਿਰਿਆ ਹੋਇਆ ਸੀ ਜੋ ਕਿ **ਸੌ ਹੱਥ** (150’) **ਪੰਜਾਹ ਹੱਥ** (75’) ਸੀ। ਹਾਤੇ ਵਿਚ **ਕਨਾਤਾਂ** ਲੱਗੀਆਂ ਹੋਈਆਂ ਸਨ ਜੋ ਕਿ **ਉਣੀ ਹੋਈ ਕਤਾਨ** ਦੀਆਂ ਬਣੀਆਂ ਸਨ ਜੋ ਕਿ ਥੰਮ੍ਹੀਆਂ ਦੀ ਇਕ ਲੜੀ ਨਾਲ ਜੁੜੀਆਂ ਹੋਈਆਂ ਸਨ। ਇਹ ਥੰਮ੍ਹੀਆਂ ਪੰਜ ਹੱਥ (7½’) ਦੀ ਦੂਰੀ ਤੇ ਲਾਈਆਂ ਗਈਆਂ ਸਨ। ਡੇਹਰੇ ਦਾ ਮੂੰਹ ਹਮੇਸ਼ਾ ਇੱਕੋ ਦਿਸ਼ਾ - ਚੜ੍ਹਦੇ ਪਾਸੇ ਵੱਲ ਹੋਣਾ ਸੀ। ਚੜ੍ਹਦੇ ਪਾਸੇ ਵੱਲ “ਕੰਧ” ਦੇ ਵਿਚਕਾਰ ਵੀਹ ਹੱਥ (30’) ਚੌੜਾ ਇਕ ਫਾਟਕ ਹੋਣਾ ਸੀ (27:16)।

**ਆਇਤਾਂ 14, 15. ਫਾਟਕ** ਦੇ ਹਰ ਪਾਸੇ ਤੇ ਪੰਦਰਾਂ ਹੱਥ (22½’) ਲੰਬੀ ਇਕ ਅਧੂਰੀ ਕੰਧ ਹੋਵੇਗੀ ਜਿਸ ਦੀਆਂ **ਤਿੰਨ ਥੰਮ੍ਹੀਆਂ** ਸਨ। ਇਸਰਾਏਲੀਆਂ ਨੇ ਥੰਮ੍ਹੀਆਂ ਨੂੰ ਟਿਕਾਉਣ ਦੇ ਲਈ **ਚੀਥੀਆਂ** ਬਣਾਉਣੀਆਂ ਸਨ। “ਚੀਥੀਆਂ” ਪਿੱਤਲ ਦੀਆਂ ਬਣਾਈਆਂ ਜਾਣੀਆਂ ਸਨ ਪਰ “ਕੁੰਡੇ” ਅਤੇ “ਕੜੇ” ਜੋ “ਕਨਾਤਾਂ” ਨੂੰ ਥੰਮ੍ਹੀਆਂ ਨਾਲ ਜੋੜਨ ਦੇ ਲਈ ਵਰਤੇ ਜਾਣੇ ਸਨ ਉਹ “ਚਾਂਦੀ” ਦੇ ਬਣਾਏ ਜਾਣੇ ਸਨ (27:17)।

ਹਾਤਾ ਪੱਕੀ ਕੰਧ ਨਾਲ ਬੰਦ ਨਹੀਂ ਸੀ ਕੀਤਾ ਗਿਆ। ਡੇਹਰੇ ਦੀ ਤਰ੍ਹਾਂ, ਵਾੜ ਉਠਾ ਕੇ ਲੈ ਜਾਣ ਯੋਗ ਬਣਾਈ ਗਈ ਸੀ। ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣ ਯੋਗ ਥੰਮ੍ਹੀਆਂ ਤੇ ਕੱਪੜੇ ਦੀ ਕਨਾਤ ਦੀ ਬਣੀ ਵਾੜ ਨੂੰ ਛੇਤੀ ਚੜ੍ਹਾਇਆ ਅਤੇ ਫੇਰ ਲਾਹਿਆ ਜਾ ਸਕਦਾ ਸੀ।

ਹਾਤੇ ਦੇ ਲਈ ਹਦਾਇਤਾਂ ਦਾ ਪ੍ਰਬੰਧ ਡੇਹਰੇ ਦੀ ਸਮੁੱਚੇ ਪਰਿਸਰ ਦੀ ਕਲਪਨਾ ਕਰਨਾ ਸੰਭਵ ਬਣਾਉਂਦਾ ਹੈ। ਪੀਟਰ ਐਨਸ ਨੇ ਇਸ ਦਾ ਹੇਠ ਲਿਖੇ ਅਨੁਸਾਰ ਵਰਣਨ ਕੀਤਾ ਸੀ:

> ਪੂਰਾ ਢਾਂਚਾ ਜੋ ਕਿ ਮਾਪ ਵਿਚ ਉੱਤਰ ਅਤੇ ਦੱਖਣ ਵਾਲੇ ਪਾਸਿਆਂ ਵੱਲ 150’ ਅਤੇ ਪੂਰਬ ਅਤੇ ਪੱਛਮ ਵਾਲੇ ਪਾਸਿਆਂ ਵੱਲ 75’ ਸੀ, ਇਸ ਤਰ੍ਹਾਂ ਇਕ ਚਤੁਰਭੁਜ ਬਣਾਉਂਦਾ ਸੀ ਜੋ ਕਿ 75’ ਦਾ 75’ ਦੋ ਵਰਗਾਂ ਨਾਲ ਮਿਲ ਕੇ ਬਣਿਆ ਸੀ। ਇਕ ਵਰਗ ਬਾਹਰਲੇ ਹਾਤੇ ਦਾ ਬਣਿਆ ਸੀ, ਜਿਸ ਦੇ ਵਿਚ ਹੋਮ ਦੀ ਬਲੀ ਦੀ ਜਗਵੇਦੀ ਰੱਖੀ ਹੋਈ ਸੀ, ਜੋ ਕਿ ਲਗਭਗ 7’6” ਵਰਗ ਦਾ ਢਾਂਚਾ ਸੀ ਅਤੇ ਪਵਿੱਤਰ ਅਸਥਾਨ ਦੇ ਪ੍ਰਵੇਸ਼ ਤੇ ਹੌਦ। ਦੂਜੇ ਵਰਗ ਦੇ ਅੰਦਰ ਪਵਿੱਤਰ ਅਸਥਾਨ ਸੀ, ਇਕ ਚਤੁਰਭੁਜ ਜੋ ਕਿ ਮਾਪ ਵਿਚ 30’ 15’ ਦਾ ਸੀ, ਸਮੁੱਚੇ ਡੇਹਰੇ ਦੇ ਅਨੁਪਾਤ ਜਿੰਨਾ। ਨਾਲ ਲੱਗਦਾ ਅੱਤ ਪਵਿੱਤਰ ਅਸਥਾਨ ਮਾਪ ਵਿਚ ਸੰਪੂਰਨ 15’ ਵਰਗ ਸੀ।[6]

**ਆਇਤਾਂ 16, 17.** ਹਾਤੇ ਦਾ ਤੀਹ ਫੁੱਟ ਚੌੜਾ **ਫਾਟਕ** (ਜਾਂ **ਓਟ**) ਹਾਤੇ ਦੀ ਆਲੇ-ਦੁਆਲੇ ਦੀ ਬਾਕੀ ਦੀ “ਕੰਧ” ਨਾਲੋਂ ਇਸ ਗੱਲ ਵਿਚ ਵੱਖਰਾ ਸੀ ਕਿ ਇਹ ਵੱਖਰੀ ਕਿਸਮ ਦੀ ਸਮੱਗਰੀ ਦੇ ਨਾਲ ਢੱਕਿਆ ਹੋਇਆ ਸੀ। ਦਰਅਸਲ, ਹਾਤੇ ਦੇ ਅੰਦਰ ਜੋ ਓਟ ਸੀ ਉਸ ਵਿਚ ਉਸੇ ਕਿਸਮ ਦੀ

ਸਮੱਗਰੀ ਲੱਗੀ ਹੋਈ ਸੀ ਜੋ ਉਸ ਪੜਦੇ ਵਿਚ ਲੱਗੀ ਸੀ ਜੋ ਪਵਿੱਤਰ ਅਸਥਾਨ ਨੂੰ ਅੱਤ ਪਵਿੱਤਰ ਅਸਥਾਨ ਤੋਂ ਵੱਖ ਕਰਦਾ ਸੀ - **ਨੀਲੇ, ਬੈਂਗਣੀ ਅਰ ਕਿਰਮਚੀ ਮਹੀਨ ਉਣੇ ਹੋਏ ਕਤਾ**ਨ ਦੀ ਜੋ ਹਾਤੇ ਦੀ ਬਾਕੀ ਦੀ ਕੰਧ ਨੂੰ ਬਣਾਉਣ ਦੇ ਲਈ ਇਸਤੇਮਾਲ ਕੀਤਾ ਗਿਆ ਸੀ। ਪਰ, ਫਾਟਕ ਵਿਚ ਉਸੇ ਕਿਸਮ ਦੀਆਂ ਚੀਥੀਆਂ ਅਤੇ ਥੰਮ੍ਹੀਆਂ ਸਨ, ਓਨੀ ਦੂਰੀ ਤੇ ਸੀ ਜਿੰਨੀ ਕਿ ਹਾਤੇ ਦੀ ਬਾਕੀ ਕੰਧ ਸੀ। ਸੰਭਵ ਤੌਰ ਤੇ, ਓਟ ਜੋ ਫਾਟਕ ਦੇ ਲਈ ਇਸਤੇਮਾਲ ਕੀਤੀ ਗਈ ਸੀ ਉਸ ਨੂੰ ਪਿੱਛੇ ਖਿੱਚਿਆ ਜਾ ਸਕਦਾ ਸੀ, ਜਿਵੇਂ ਕਿ ਸਾਹਮਣੇ ਦੀ ਖਿੜਕੀ ਜਾਂ ਥੜ੍ਹਾ ਜਿਸ ਨੂੰ ਪਿੱਛੇ ਖਿੱਚਿਆ ਜਾ ਸਕਦਾ ਸੀ, ਜਦੋਂ ਡੇਹਰਾ "ਕੰਮਕਾਜ ਦੇ ਲਈ ਖੋਲ੍ਹਿਆ" ਜਾਂਦਾ ਸੀ - ਜਦੋਂ ਇਸਰਾਏਲੀਆਂ ਨੂੰ ਇਸ ਦੇ ਅੰਦਰ ਦਾਖਲ ਹੋਣ ਅਤੇ ਬਲੀਦਾਨ ਚੜ੍ਹਾਉਣ ਦੀ ਅਜ਼ਾਦੀ ਹੁੰਦੀ ਸੀ। ਇਕ ਹੋਰ ਸੰਭਾਵਨਾ ਇਹ ਹੈ ਕਿ ਓਟ ਨੂੰ ਬਾਕੀ ਦੀ ਵਾੜ ਤੋਂ ਪਿੱਛੇ ਰੱਖਿਆ ਗਿਆ ਸੀ ਤਾਂ ਕਿ ਇਹ ਹਰ ਸਿਰੇ ਤੋਂ ਹਾਤੇ ਵਿਚ ਵੜ੍ਹਨ ਦਾ ਰਾਹ ਦੇ ਸਕਦਾ, ਪਰ ਫਿਰ ਵੀ ਇਸ ਦਾ ਇਕ ਅੰਦਰਲਾ ਪੜਦਾ ਸੀ ਜਿਸ ਨੂੰ ਉਹ ਲੋਕ ਵੇਖ ਸਕਦੇ ਸਨ ਜੋ ਹਾਤੇ ਦੇ ਬਾਹਰ ਹੁੰਦੇ ਸਨ। ਤਿੰਨ ਜਾਂ ਚਾਰ ਥੰਮ੍ਹੀਆਂ ਜੋ ਫਾਟਕ ਤੇ ਸਨ ਉਨ੍ਹਾਂ ਨੇ ਕਿਸੇ ਨੂੰ ਹਾਤੇ ਵਿਚ ਦਾਖਲ ਹੋਣ ਤੋਂ ਨਹੀਂ ਰੋਕਿਆ ਹੋਵੇਗਾ।

**ਆਇਤਾਂ 18, 19.** ਵਾੜ ਦੀ **ਉਚਾਈ ਪੰਜ ਹੱਥ**, ਜਾਂ *7½'* ਸੀ - ਡੇਹਰੇ ਦੇ ਦਸ ਹੱਥ ਨਾਲੋਂ ਕਾਫੀ ਜ਼ਿਆਦਾ ਘੱਟ। ਇਸ ਲਈ ਡੇਹਰੇ ਦੀ ਚੋਟੀ ਵਾੜ ਦੇ ਬਾਹਰੋਂ ਦਿਖਦੀ ਹੋਵੇਗੀ, ਪਰ ਜਿਹੜਾ ਵਾੜ ਤੋਂ ਬਾਹਰ ਖੜ੍ਹਾ ਹੁੰਦਾ ਸੀ ਉਸ ਦੇ ਲਈ ਤਦ ਤੱਕ ਸਿੱਧਾ ਵੇਖਣਾ ਸੰਭਵ ਨਹੀਂ ਹੁੰਦਾ ਹੋਵੇਗਾ ਜਦੋਂ ਤੱਕ ਫਾਟਕ ਨਹੀਂ ਸੀ ਖੁੱਲ੍ਹ ਜਾਂਦਾ।

ਲਿਖਤ ਹਾਤੇ ਦੀ ਮਹੱਤਤਾ ਜਾਂ ਵਰਤੋਂ ਬਾਰੇ ਗੱਲ ਨਹੀਂ ਕਰਦੀ, ਸਿਵਾਏ ਇਹ ਦੱਸਣ ਤੋਂ ਕਿ ਇਸ ਦੇ ਵਿਚ ਜਗਵੇਦੀ ਸੀ। ਸਪੱਸ਼ਟ ਤੌਰ ਤੇ, ਹਾਤਾ ਬਲੀਦਾਨ ਚੜ੍ਹਾਉਣ ਦੇ ਲਈ ਥਾਂ ਪ੍ਰਦਾਨ ਕਰਦਾ ਸੀ। ਇਸ ਤੋਂ ਇਲਾਵਾ, ਇਹ ਖਾਸ ਮੌਕਿਆਂ ਤੇ ਲੋਕਾਂ ਦੇ ਇਕ ਥਾਂ ਇਕੱਠੇ ਹੋਣ ਦੇ ਲਈ ਥਾਂ ਪ੍ਰਦਾਨ ਕਰਦਾ ਸੀ, ਖਾਸਕਰ ਉਸ ਸਮੇਂ ਜਦੋਂ ਉਹ ਯਹੋਵਾਹ ਦੇ ਲਈ ਬਲੀਦਾਨ ਲੈ ਕੇ ਆਉਂਦੇ ਸਨ। ਆਰ. ਐਲਨ ਕੋਲ ਨੇ ਆਖਿਆ ਹੈ ਕਿ ਹਾਤਾ "ਪਵਿੱਤਰਤਾ ਦੀਆਂ ਬਾਹਰੀ ਹੱਦਾਂ ਦੀ ਨਿਸ਼ਾਨੀ ਸੀ" ਅਤੇ ਭੀੜ ਦੇ ਲਈ "ਬਹੁਤ ਸਾਰੀ ਥਾਂ" ਪ੍ਰਦਾਨ ਕਰਦਾ ਸੀ, ਕਿਉਂਕਿ "ਮਨੁੱਖ ਯਹੋਵਾਹ ਦੇ ਡੇਹਰੇ ਵਿਚ ਸਿਰਫ ਕਿਸੇ ਖਾਸ ਉਦੇਸ਼ ਦੇ ਲਈ ਅਤੇ ਆਮ ਤੌਰ ਤੇ ਕਿਸੇ ਤਿਉਹਾਰ ਦੇ ਮੌਕੇ ਤੇ ਜਾਂਦੇ ਸਨ।"[7] ਗਿਣਤੀ 15:14 ਅਨੁਸਾਰ, ਇਸਰਾਏਲੀਆਂ ਨਾਲ ਰਹਿ ਰਿਹਾ ਕੋਈ "ਪਰਦੇਸੀ" (ਗੈਰ-ਇਸਰਾਏਲੀ) ਇਸਰਾਏਲੀਆਂ ਵਾਂਗ "ਅੱਗ ਨਾਲ ਬਲੀ ਚੜ੍ਹਾ" ਸਕਦਾ ਸੀ। ਨਵਾਂ ਨੇਮ ਹਾਤੇ ਦੇ ਬਾਰੇ ਵਿਸ਼ੇਸ਼ ਤੌਰ ਤੇ ਕੁਝ ਨਹੀਂ ਕਹਿੰਦਾ।

## ਸ਼ਮਾਦਾਨ ਲਈ ਤੇਲ (27:20, 21)

**[20]ਤੂੰ ਇਸਰਾਏਲੀਆਂ ਨੂੰ ਹੁਕਮ ਦੇਹ ਕਿ ਓਹ ਤੇਰੇ ਕੋਲ ਨਿਰੋਲ ਕੁੱਟਮਾਂ ਜ਼ੈਤੂਨ ਦਾ ਤੇਲ ਚਾਨਣੇ ਲਈ ਲਿਆਉਣ ਤਾਂ ਜੋ ਸ਼ਮਾਦਾਨ ਸਦਾ ਜਗਦਾ ਰਹੇ। [21]ਅਤੇ ਮੰਡਲੀ ਦੇ ਤੰਬੂ ਵਿੱਚ ਉਸ ਪੜਦੇ ਦੇ ਬਾਹਰ ਜਿਹੜਾ ਸਾਖੀ ਦੇ ਅੱਗੇ ਹੈ ਹਾਰੂਨ ਅਰ ਉਸ ਦੇ ਪੁੱਤ੍ਰ ਉਹ ਨੂੰ ਸ਼ਾਮ ਤੋਂ ਸਵੇਰ ਤੀਕ ਯਹੋਵਾਹ ਅੱਗੇ ਸਵਾਰਨ। ਏਹ ਸਦਾ ਦੀ ਬਿਧੀ ਪੀੜ੍ਹੀਆਂ ਤੀਕ ਇਸਰਾਏਲੀਆਂ ਵੱਲੋਂ ਹੈ।**

**ਆਇਤ 20.** ਡੇਹਰੇ ਨੂੰ ਚਾਨਣਾ **ਸ਼ਮਾਦਾਨ** ਦੇ ਨਾਲ ਦਿੱਤਾ ਗਿਆ ਸੀ, ਜਿਹੜਾ ਕਿ ਸੰਭਵ ਤੌਰ ਤੇ ਸੋਨੇ ਦੇ ਸ਼ਮਾਦਾਨ ਦਾ ਹਵਾਲਾ ਦਿੰਦਾ ਹੈ। ਇੱਥੇ "ਸ਼ਮਾਦਾਨ" (נֵר, *ਨੇਰ)* ਦਾ ਹਵਾਲਾ ਇਕਵਚਨ ਵਿਚ ਦਿੱਤਾ ਗਿਆ ਹੈ ਹਾਲਾਂਕਿ ਸ਼ਮਾਦਾਨ ਤੇ ਸੱਤ "ਦੀਵੇ" ਲੱਗੇ ਹੋਏ ਸਨ (25:31-40)। ਇਕ ਹੋਰ ਸੰਭਾਵਨਾ ਇਹ ਹੈ ਕਿ ਇਹ ਸ਼ਮਾਦਾਨ ਤੋਂ ਇਕ ਵੱਖਰਾ ਦੀਵਾ ਸੀ ਜੋ ਵਿਸ਼ੇਸ਼

ਤੌਰ ਤੇ ਰਾਤ ਦੇ ਸਮੇਂ ਚਾਨਣ ਦੇਣ ਦੇ ਲਈ ਬਣਾਇਆ ਗਿਆ ਸੀ।[8]

ਜਾਜਕਾਂ ਨੇ ਸ਼ਮਾਦਾਨ ਨੂੰ **ਸਦਾ ਜਗਦਾ** ਰੱਖਣਾ ਸੀ। ਇਸ ਸ਼ਮਾਦਾਨ ਵਿਚ ਸਿਰਫ ਇਕ ਖਾਸ ਕਿਸਮ ਦਾ ਤੇਲ - **ਕੁੱਟਮਾਂ ਜ਼ੈਤੂਨ ਦਾ ਤੇਲ** - ਵਰਤਿਆ ਜਾਣਾ ਸੀ। ਟੀਕਾਕਾਰ ਟਿੱਪਣੀ ਕਰਦੇ ਹਨ ਕਿ ਇਹ ਜ਼ੈਤੂਨ ਦੇ ਤੇਲ ਦੀ ਸਭ ਤੋਂ ਉੱਤਮ ਕਿਸਮ ਸੀ।

**ਆਇਤ 21.** ਇਹ ਤੱਥ ਕਿ ਜਾਜਕਾਂ ਨੂੰ ਇਸ ਨੂੰ **ਸ਼ਾਮ ਤੋਂ ਸਵੇਰ ਤੀਕ** ਜਗਦਾ ਰੱਖਣ ਦੀ ਹਦਾਇਤ ਦਿੱਤੀ ਗਈ ਸੀ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਇਹ ਸਾਰੀ ਰਾਤ ਨਾਲੇ ਸਾਰਾ ਦਿਨ ਜਗਣਾ ਸੀ। ਇਕ ਹੋਰ ਵਿਚਾਰ ਇਹ ਹੈ ਕਿ ਸ਼ਮਾਦਾਨ ਸ਼ਾਮ ਨੂੰ ਜਗਾਇਆ ਜਾਂਦਾ ਸੀ, ਸਾਰੀ ਰਾਤ ਜਗਣ ਦਿੱਤਾ ਜਾਂਦਾ ਸੀ ਅਤੇ ਸਵੇਰ ਨੂੰ ਬੁਝਾ ਦਿੱਤਾ ਜਾਂਦਾ ਸੀ; ਕੂਚ 30:8 ਅਤੇ 1 ਸਮੂਏਲ 3:3 ਦਾ ਹਵਾਲਾ ਇਸ ਵਿਚਾਰ ਦੇ ਸਮਰਥਨ ਵਿਚ ਦਿੱਤਾ ਜਾਂਦਾ ਹੈ।[9] ਇਹ ਵਿਆਖਿਆ ਸੰਭਵ ਹੈ ਜੇਕਰ "ਸਦਾ" (27:20) ਨੂੰ "ਨਿਯਮਤ ਰੂਪ ਵਿਚ" ਜਾਂ "ਰੋਜ਼ ਰਾਤ" ਜਾਂ "ਰੋਜ਼ਾਨਾ" ਅਰਥ ਦੇ ਰੂਪ ਵਿਚ ਸਮਝਿਆ ਜਾਂਦਾ ਹੈ। ਪਰ, ਇਹ ਜ਼ਿਆਦਾ ਸੰਭਵ ਪ੍ਰਤੀਤ ਹੁੰਦਾ ਹੈ ਕਿ 30:8 ਸ਼ਾਮ ਦੇ ਨਿਤਨੇਮ ਨੂੰ ਦਰਸਾਉਂਦੀ ਹੈ ਜਿਸ ਵਿਚ ਜਾਜਕ ਦੀਵਿਆਂ ਦੇ ਗੁਲ ਝਾੜਦਾ ਅਤੇ ਉਨ੍ਹਾਂ ਵਿਚ ਤੇਲ ਪਾਉਂਦਾ ਸੀ। ਬਾਕੀ ਸਾਰਾ ਸਮੇਂ ਦੀਵੇ ਜਗਦੇ ਰਹਿੰਦੇ ਸਨ। ਦੀਵਿਆਂ ਤੋਂ ਜੋ ਚਾਨਣ ਹੁੰਦਾ ਸੀ ਉਸ ਦੀ ਦਿਨ ਨਾਲੇ ਰਾਤ ਦੇ ਦੌਰਾਨ ਲੋੜ ਹੁੰਦੀ ਸੀ, ਕਿਉਂਕਿ ਕੋਈ ਵੀ ਬਾਹਰੀ ਚਾਨਣ ਉਨ੍ਹਾਂ ਪੜਦਿਆਂ ਥਾਣੀਂ ਅੰਦਰ ਨਹੀਂ ਸੀ ਜਾ ਸਕਦਾ ਜਿਨ੍ਹਾਂ ਨੇ ਡੇਹਰੇ ਨੂੰ ਢੱਕਿਆ ਹੋਇਆ ਸੀ। ਸ਼ਮਾਦਾਨ ਦੇ ਸਦਾ ਜਗਦੇ ਰਹਿਣ ਦਾ ਮਹੱਤਵ ਇਸ ਤੱਥ ਤੋਂ ਪਤਾ ਲੱਗਦਾ ਹੈ ਕਿ ਇਸ ਮੰਗ ਦੀ **ਸਦਾ ਦੀ ਬਿਧੀ ਪੀੜ੍ਹੀਆਂ ਤੀਕ ਇਸਰਾਏਲੀਆਂ ਵੱਲੋਂ ਹੈ** ਦੇ ਰੂਪ ਵਿਚ ਗੱਲ ਕੀਤੀ ਗਈ ਸੀ।

ਲਿਖਤ ਵਰਣਨ ਕਰਦੀ ਹੈ ਕਿ ਤੇਲ ਕਿਵੇਂ ਇਸਤੇਮਾਲ ਕੀਤਾ ਜਾਣਾ ਸੀ ਅਤੇ ਚਾਣਨ ਦੇ ਸਦਾ ਜਗਦੇ ਰਹਿਣ ਦੇ ਮਹੱਤਵ ਤੇ ਜ਼ੋਰ ਦਿੰਦੀ ਹੈ, ਪਰ ਇਹ ਤੇਲ ਦਾ ਕੋਈ ਪ੍ਰਤੀਕਾਤਮਕ ਅਰਥ ਨਹੀਂ ਦਿੰਦੀ। ਮਸੀਹੀ ਲੋਕ, ਇਸ ਚਾਨਣ ਬਾਰੇ ਪੜ੍ਹਦਿਆਂ, ਸੰਭਵ ਤੌਰ ਤੇ ਯਿਸੂ ਦੇ ਸ਼ਬਦਾਂ ਨੂੰ ਚੇਤੇ ਕਰਨਗੇ: "ਤੁਸੀਂ ਜਗਤ ਦੇ ਚਾਨਣ ਹੋ। ... ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਓਹ ਤੁਹਾਡੇ ਸ਼ੁਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿਚ ਹੈ ਵਡਿਆਈ ਕਰਨ" (ਮੱਤੀ 5:14-16)।

# ਪ੍ਰਾਸੰਗਿਕਤਾ

## ਉਸ ਸਮੇਂ ਦੇ ਅਤੇ ਹੁਣ ਦੇ ਬਲੀਦਾਨ (27:1-8)

ਅਧਿਆਇ 27 ਵਿਚ ਪਰਮੇਸ਼ੁਰ ਨੇ ਮੂਸਾ ਨੂੰ ਹੋਮ ਬਲੀ ਦੀ ਜਗਵੇਦੀ ਬਣਾਉਣ ਦੇ ਲਈ ਹਿਦਾਇਤਾਂ ਦਿੱਤੀਆਂ। ਜਗਵੇਦੀ ਨੂੰ ਪਰਮੇਸ਼ੁਰ ਦੇ ਅੱਗੇ ਬਲੀਆਂ ਚੜ੍ਹਾਉਣ ਦੇ ਲਈ ਵਰਤਿਆ ਗਿਆ ਸੀ। ਇਸ ਲਈ, ਇਸ ਹਵਾਲੇ ਦੀ ਵਰਤੋਂ, ਉਦੋਂ ਵੀ ਅਤੇ ਹੁਣ ਵੀ, ਬਲੀਦਾਨਾਂ ਦੇ ਵਿਸ਼ੇ ਵਿਚ ਸੋਚਣ ਲਈ ਸਾਡੀ ਮਦਦ ਕਰਨ ਦੇ ਲਈ ਕੀਤੀ ਜਾ ਸਕਦੀ ਹੈ।

*ਉਸ ਸਮੇਂ ਦੇ ਬਲੀਦਾਨ।* ਲਿਖਤ ਇਸ ਗੱਲ ਨੂੰ ਪਰਗਟ ਨਹੀਂ ਕਰਦਾ ਕਿ ਜਗਵੇਦੀ ਨੂੰ ਕਿਵੇਂ ਇਸਤੇਮਾਲ ਕੀਤਾ ਜਾਣਾ ਚਾਹੀਦਾ ਸੀ। ਪਹਿਲੇ ਪਾਠਕਾਂ ਨੂੰ ਉਸ ਜਾਣਕਾਰੀ ਦੀ ਲੋੜ ਨਹੀਂ ਸੀ; ਉਹ ਇਸ ਸੱਚਾਈ ਤੋਂ ਜਾਣੂ ਸਨ ਕਿ ਇਸ ਉੱਤੇ ਬਲੀਦਾਨ ਚੜ੍ਹਾਏ ਜਾਂਦੇ ਸਨ।

ਉਨ੍ਹਾਂ ਭੇਟਾਂ ਦੇ ਵਿਸ਼ੇ ਵਿਚ ਹੋਰ ਹਿਦਾਇਤਾਂ ਲੇਵੀਆਂ ਦੀ ਪੋਥੀ ਵਿਚ ਦਿੱਤੀਆਂ ਗਈਆਂ ਹਨ। ਉੱਥੇ, ਅਸੀਂ ਸਿੱਖਦੇ ਹਾਂ ਕਿ ਜਗਵੇਦੀ ਉੱਤੇ ਚੜ੍ਹਾਈਆਂ ਜਾਣ ਵਾਲੀਆਂ ਬਲੀਆਂ ਦੇ ਕਈ ਕਿਸਮ ਦੇ ਉਦੇਸ਼ ਹੁੰਦੇ ਸਨ। ਬਲੀਆਂ ਵਿਚ ਦੋਸ਼ ਬਲੀਆਂ, ਪਾਪ ਬਲੀਆਂ, ਹੋਮ ਬਲੀਆਂ, ਅਤੇ ਸੁੱਖ-ਸਾਂਦ

ਦੀਆਂ ਭੇਟਾਂ ਸ਼ਾਮਲ ਹੁੰਦੀਆਂ ਸਨ - ਜਿਨ੍ਹਾਂ ਵਿਚ ਧੰਨਵਾਦ ਦੀਆਂ ਭੇਟਾਂ ਅਤੇ ਖੁੱਲ੍ਹ ਦਿਲੀ ਨਾਲ ਦਿੱਤੀਆਂ ਗਈਆਂ ਭੇਟਾਂ ਅਤੇ ਸੋਹਾਂ ਚੁੱਕਦੇ ਸਮੇਂ ਚੜ੍ਹਾਈਆਂ ਜਾਣ ਵਾਲੀਆਂ ਭੇਟਾਂ ਸ਼ਾਮਲ ਹੁੰਦੀਆਂ ਸਨ। ਕੁੱਝ ਬਲੀਦਾਨਾਂ ਲਈ (ਪੂਰੀਆਂ ਹੋਮ ਬਲੀਆਂ), ਪੂਰੇ ਜਾਨਵਰ ਨੂੰ ਜਗਵੇਦੀ ਉੱਤੇ ਸਾੜਿਆ ਜਾਂਦਾ ਸੀ। ਹੋਰਨਾਂ ਲਈ (ਜਿਵੇਂ ਸੁੱਖ ਸਾਂਦ ਦੀਆਂ ਭੇਟਾਂ ਵਿਚ), ਜਾਨਵਰ ਦਾ ਇਕ ਭਾਗ ਜਗਵੇਦੀ ਉੱਤੇ ਸਾੜਿਆ ਜਾਂਦਾ ਸੀ ਅਤੇ ਬਾਕੀ ਭਾਗ ਬਲੀਦਾਨ ਚੜ੍ਹਾਉਣ ਵਾਲੇ ਲੋਕਾਂ ਦੇ ਦੁਆਰਾ ਖਾਧਾ ਜਾਂਦਾ ਸੀ। ਜਾਜਕਾਂ ਨੂੰ ਵੀ ਬਲੀਦਾਨਾਂ ਵਿਚੋਂ ਮਾਸ ਦੇ ਕੁੱਝ ਭਾਗ ਦਿੱਤੇ ਜਾਂਦੇ ਸਨ।

ਭਾਵੇਂ ਜਾਨਵਰਾਂ ਦੀਆਂ ਬਲੀਆਂ ਤੋਂ ਇਲਾਵਾ ਵੀ ਕੁੱਝ ਭੇਟਾਂ ਚੜ੍ਹਾਈਆਂ ਜਾਂਦੀਆਂ ਸਨ, ਪਰ ਜਗਵੇਦੀ ਦਾ ਪ੍ਰਮੁੱਖ ਉਦੇਸ਼ ਪਾਪ ਦੇ ਪਛਚਾਤਾਪ ਦੇ ਲਈ ਜਾਨਵਰਾਂ ਦੀਆਂ ਬਲੀਆਂ ਚੜ੍ਹਾਉਣਾ ਹੁੰਦਾ ਸੀ (ਵੇਖੋ ਲੇਵੀਆਂ 4:18-20)। ਜਗਵੇਦੀ ਦੇ ਉੱਤੇ ਇਕ ਜਾਨਵਰ ਦਾ ਬਲੀਦਾਨ "ਉਸ ਲਹੂ ਵਿੱਚੋਂ ਉਸ ਜਗਵੇਦੀ ਦੇ ਸਿੰਙਾਂ ਉੱਤੇ ... ਕੁਝ [ਪਾਉਣ]" ਅਤੇ ਬਾਕੀ ਦੇ ਲਹੂ ਨੂੰ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਡੋਹਲ ਦੇਣ ਦੇ ਦੁਆਰਾ ਚੜ੍ਹਾਇਆ ਜਾਂਦਾ ਸੀ (ਲੇਵੀਆਂ 4:18)। ਪ੍ਰਾਸਚਿਤ ਦੇ ਸਲਾਨਾ ਦਿਨ, ਮਹਾਂ ਜਾਜਕ ਬਲੀ ਕੀਤੇ ਜਾਨਵਰ ਦੇ ਦੁਆਰਾ ਵਹਾਏ ਗਏ ਲਹੂ ਵਿਚੋਂ ਕੁੱਝ ਲੈ ਕੇ ਲੋਕਾਂ ਦੇ ਪ੍ਰਾਸਚਿਤ ਕਰਨ ਲਈ ਸਭ ਤੋਂ ਪਵਿੱਤਰ ਸਥਾਨ ਵਿਚ ਲੈ ਜਾਂਦਾ ਹੁੰਦਾ ਸੀ (ਲੇਵੀਆਂ 16)। ਹੋਮ ਬਲੀ ਦੀ ਜਗਵੇਦੀ ਇਸ ਪ੍ਰਕਿਰਿਆ ਦਾ ਇਕ ਜ਼ਰੂਰੀ ਹਿੱਸਾ ਸੀ ਜਿਸ ਦੇ ਰਾਹੀਂ ਇਸਰਾਏਲ ਨੇ ਪਰਮੇਸ਼ੁਰ ਤੋਂ ਮਾਫ਼ੀ ਮੰਗੀ ਅਤੇ ਪ੍ਰਾਪਤ ਕੀਤੀ।

*ਹੁਣ ਦੇ ਬਲੀਦਾਨ।* ਨਵਾਂ ਨੇਮ ਇਸ ਗੱਲ ਨੂੰ ਸਿਖਾਉਂਦਾ ਹੈ ਕਿ ਮਸੀਹ ਉਨ੍ਹਾਂ ਲੋਕਾਂ ਦੇ ਲਈ ਬਲੀਦਾਨ ਹੈ ਜੋ ਲੋਕ ਨਵੇਂ ਵਾਇਦੇ ਦੇ ਅਧੀਨ ਹਨ। ਇਸ ਤੋਂ ਇਲਾਵਾ, ਉਹ ਮਹਾਂ ਜਾਜਕ ਹੈ ਜੋ ਬਲੀਦਾਨ ਦੇ ਲਹੂ ਨੂੰ ਪਰਮ ਪਵਿੱਤਰ ਸਥਾਨ ਵਿਚ ਲੈ ਜਾਂਦਾ ਹੈ (ਇਬਰਾਨੀਆਂ 8:1; 9:11-15; ਵੇਖੋ ਅਫ਼ਸੀਆਂ 5:2; 1 ਕੁਰਿੰਥੀਆਂ 5:7)। ਮਸੀਹੀ ਉਸ ਦੇ ਲਹੂ ਦੇ ਦੁਆਰਾ ਬਚਾਏ ਗਏ ਹਨ (ਅਫ਼ਸੀਆਂ 1:7)। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਮਸੀਹ ਦੇ ਲਈ ਕੀ ਕਰਦੇ ਹਾਂ - ਭਾਵੇਂ ਅਸੀਂ ਉਸ ਦੇ ਲਈ ਮਰ ਵੀ ਜਾਈਏ - ਪਰ ਸਾਡੇ ਬਲੀਦਾਨ ਜਾਂ ਸਾਡੇ ਦਾਨ ਕਿਸੇ ਵੀ ਤਰ੍ਹਾਂ ਸਾਡੇ ਪਾਪਾਂ ਦਾ ਪ੍ਰਾਸਚਿਤ ਨਹੀਂ ਬਣ ਸਕਦੇ ਸਨ। ਸਿਰਫ ਮਸੀਹ ਦਾ ਲਹੂ ਹੀ ਸਾਡੇ ਲਈ ਪ੍ਰਾਸਚਿਤ ਕਰ ਸਕਦਾ ਹੈ।

ਭਾਵੇਂ ਸਾਡੀਆਂ ਭੇਟਾਂ ਸਾਡੇ ਪਾਪਾਂ ਨੂੰ ਢੱਕਦੀਆਂ ਨਹੀਂ ਹਨ, ਪਰ ਜਾਜਕ ਹੋਣ ਦੇ ਨਾਤੇ ਸਾਨੂੰ "ਆਤਮਕ ਬਲੀਦਾਨ ਚੜ੍ਹਾਓ [ਚੜ੍ਹਾਉਣ ਦੀ ਲੋੜ ਹੈ] ਜਿਹੜੇ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਨੂੰ ਭਾਉਂਦੇ ਹਨ" (1 ਪਤਰਸ 2:5)। ਇਕ ਬਲੀਦਾਨ ਇਕ ਭੇਟ ਹੈ; ਇਹ ਕੁੱਝ ਵੀ ਹੁੰਦਾ ਹੈ ਜਿਸ ਨੂੰ ਅਸੀਂ ਪਰਮੇਸ਼ੁਰ ਨੂੰ ਭੇਂਟ ਕਰਦੇ ਜਾਂ ਦਿੰਦੇ ਹਾਂ।

*ਅਸੀਂ ਆਪਣੇ ਆਪ ਦਾ ਬਲੀਦਾਨ ਚੜ੍ਹਾਉਣਾ ਹੈ।* ਜਗਵੇਦੀ ਦੀ ਸ਼ਬਦਾਵਲੀ ਉਸ ਸਮੇਂ ਵਰਤੀ ਜਾਂਦੀ ਹੈ ਜਦੋਂ ਮਸੀਹੀ ਨੂੰ ਆਪਣੇ ਆਪ ਨੂੰ ਇਕ "ਜੀਉਂਦੇ ... ਬਲੀਦਾਨ" ਦੇ ਰੂਪ ਵਿਚ ਚੜ੍ਹਾਉਣ ਦੇ ਲਈ ਬੁਲਾਇਆ ਜਾਂਦਾ ਹੈ (ਰੋਮੀਆਂ 12:1, 2)। ਯਿਸੂ ਨੇ ਹਰੇਕ ਮਸੀਹੀ ਨੂੰ ਬੁਲਾਇਆ ਹੈ ਕਿ ਉਹ ਆਪਣੇ ਆਪ ਨੂੰ, ਮੌਤ ਦੇ ਦਰਜੇ ਤਕ ਭੇਟ ਕਰੇ, ਜਦੋਂ ਉਸ ਨੇ ਕਿਹਾ ਕਿ ਹਰੇਕ ਨੂੰ "ਆਪਣੀ ਸਲੀਬ ਚੁੱਕ ਕੇ" ਉਸ ਦੇ ਪਿੱਛੇ ਚੱਲਣਾ ਚਾਹੀਦਾ ਹੈ (ਮੱਤੀ 16:24; ਵੇਖੋ ਫ਼ਿਲਿੱਪੀਆਂ 2:17)।

*ਸਾਨੂੰ ਆਪਣੇ ਬੁੱਲਾਂ ਤੋਂ ਸਤੂਤੀ ਦਾ ਬਲੀਦਾਨ ਚੜ੍ਹਾਉਣਾ ਚਾਹੀਦਾ ਹੈ।* ਇਬਰਾਨੀਆਂ 13:15 ਕਹਿੰਦੀ ਹੈ, "ਸੋ ਅਸੀਂ ਉਹ ਦੇ ਦੁਆਰਾ ਉਸਤਤ ਦਾ ਬਲੀਦਾਨ ਅਰਥਾਤ ਉਨ੍ਹਾਂ ਬੁੱਲ੍ਹਾਂ ਦਾ ਫਲ ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ੁਰ ਦੇ ਅੱਗੇ ਸਦਾ ਚੜ੍ਹਾਇਆ ਕਰੀਏ।" ਅਸੀਂ ਗੀਤ ਦੇ ਨਾਲ ਪਰਮੇਸ਼ੁਰ ਦੀ ਸਤੂਤੀ ਕਰਦੇ ਹਾਂ, "... ਆਪੋ ਵਿੱਚ ਮੇਲ ਰੱਖੋ ਤਾਂ ਜੋ [ਅਸੀਂ] ਇੱਕ ਮਨ

ਹੋ ਕੇ ਇੱਕ ਜ਼ਬਾਨ ਨਾਲ ਸਾਡੇ ਪ੍ਰਭੂ ਯਿਸੂ ਮਸੀਹ ਦੇ ਪਰਮੇਸ਼ੁਰ ਅਤੇ ਪਿਤਾ ਦੀ ਵਡਿਆਈ ਕਰੋ (ਕਰੀਏ)" (ਰੋਮੀਆਂ 15:5, 6)। ਅਸੀਂ ਜਗਵੇਦੀ ਤੇ ਚੜ੍ਹਾਉਣ ਦੇ ਲਈ ਜਾਨਵਰਾਂ ਨੂੰ ਨਹੀਂ ਲਿਆਉਂਦੇ; ਸਗੋਂ, ਜਦੋਂ ਅਸੀਂ ਸਭਾ ਵਿਚ ਗਾਉਣ ਦੇ ਲਈ ਇਕੱਠੇ ਹੁੰਦੇ ਹਾਂ ਤਾਂ ਅਸੀਂ ਪਰਮੇਸ਼ੁਰ ਦੀ ਸਵਰਗੀ ਜਗਵੇਦੀ ਦੇ ਸਾਹਮਣੇ ਆਪਣੇ ਬੁੱਲ੍ਹਾਂ ਨਾਲ ਸਤੂਤੀ ਕਰਦੇ ਹਾਂ।

*ਅਸੀਂ ਭਲੇ ਕੰਮਾਂ ਦਾ ਬਲੀਦਾਨ ਚੜ੍ਹਾਉਣ ਵਾਲੇ ਹਾਂ।* ਇਬਰਾਨੀਆਂ 13:16 ਕਹਿੰਦੀ ਹੈ, "ਪਰ ਭਲਾ ਕਰਨੋਂ ਅਤੇ ਪਰਉਪਕਾਰ ਕਰਨੋਂ ਨਾ ਭੁੱਲਿਓ ਕਿਉਂਕਿ ਅਜੇਹਿਆਂ ਬਲੀਦਾਨਾਂ ਤੋਂ ਪਰਮੇਸ਼ੁਰ ਪਰਸੰਨ ਹੁੰਦਾ ਹੈ।" ਦੂਜਿਆਂ ਦੇ ਨਾਲ ਭਲਾਈ ਕਰਨ ਨੂੰ ਅਤੇ ਜੋ ਕੁੱਝ ਸਾਡੇ ਕੋਲ ਹੈ ਉਸ ਨੂੰ ਦੂਜਿਆਂ ਦੇ ਨਾਲ ਸਾਂਝਾ ਕਰਨ ਨੂੰ ਪਰਮੇਸ਼ੁਰ ਨੂੰ ਚੜ੍ਹਾਏ ਜਾਣ ਵਾਲੇ ਇੱਕ ਬਲੀਦਾਨ ਦੇ ਰੂਪ ਵਿਚ ਮੰਨਿਆ ਜਾਂਦਾ ਹੈ। ਦੂਸਰਿਆਂ ਦੇ ਨਾਲ ਪਿਆਰ ਵਿਖਾ ਕੇ, ਅਸੀਂ ਪਰਮੇਸ਼ੁਰ ਦੇ ਨਾਲ ਆਪਣੇ ਪਿਆਰ ਨੂੰ ਪਰਗਟ ਕਰਦੇ ਹਾਂ।

*ਅਸੀਂ ਪੈਸੇ ਦਾ ਬਲੀਦਾਨ ਚੜ੍ਹਾਉਣਾ ਹੈ।* ਪੌਲੁਸ ਨੇ ਫ਼ਿਲਿੱਪੀਆਂ ਨੂੰ ਲਿਖਿਆ ਕਿ ਉਸ ਨੂੰ ਇਪਾਫ਼ਰੋਦੀਤੁਸ ਤੋਂ ਭੇਜਿਆ ਗਿਆ ਬਲੀਦਾਨ ਮਿਲ ਗਿਆ ਸੀ। ਉਸ ਨੇ ਕਿਹਾ ਕਿ ਉਹ ਭੇਟ "ਧੂਪ ਦੀ ਸੁਗੰਧ ਅਤੇ ਇਹੋ ਜਿਹਾ ਪਰਵਾਨ ਬਲੀਦਾਨ ਹੈ ਜੋ ਪਰਮੇਸ਼ੁਰ ਨੂੰ ਭਾਉਂਦਾ ਹੈ" (ਫ਼ਿਲਿੱਪੀਆਂ 4:18)। ਇਕ ਮਿਸ਼ਨਰੀ ਦੇ ਲਈ ਕਲੀਸੀਆ ਨੂੰ ਪੈਸੇ ਦੀ ਇਕ ਭੇਟ ਦੇਣਾ, ਇਕ ਅਰਥ ਵਿਚ, ਕਲੀਸੀਆ ਦੇ ਲਈ ਇਕ ਤੋਹਫ਼ਾ ਅਤੇ ਮਿਸ਼ਨਰੀ ਦੇ ਲਈ ਦਾਨ ਹੈ - ਸਗੋਂ ਇਹ ਪਰਮੇਸ਼ੁਰ ਦੇ ਲਈ ਵੀ ਦਾਨ ਭਾਵ, ਪ੍ਰਭੂ ਦੇ ਲਈ ਇਕ ਭੇਟ ਜਾਂ ਬਲੀਦਾਨ ਹੈ।

*ਅਸੀਂ ਪਰਮੇਸ਼ੁਰ ਨੂੰ ਬਚਾਈਆਂ ਗਈਆਂ ਆਤਮਾਵਾਂ ਦਾ ਬਲੀਦਾਨ ਚੜ੍ਹਾਉਣਾ ਹੈ।* ਪੌਲੁਸ ਨੂੰ "ਪਰਾਈਆਂ ਕੌਮਾਂ ਦੇ ਲਈ ਮਸੀਹ ਸੇਵਕ" ਹੋਣ ਦਾ ਇਕ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਸੀ ਅਤੇ ਉਸ ਨੇ ਲਿਖਿਆ "ਪਰਾਈਆਂ ਕੌਮਾਂ ਦਾ ਚੜ੍ਹਾਇਆ ਜਾਣਾ" (ਰੋਮੀਆਂ 15:16)। ਇਹ ਕਲਪਨਾ ਪੌਲੁਸ ਨੂੰ ਇਕ ਜਾਜਕ ਦੇ ਰੂਪ ਵਿਚ ਦਰਸਾਉਂਦੀ ਹੈ ਜੋ ਪਰਮੇਸ਼ੁਰ ਦੇ ਲਈ ਬਲੀਦਾਨ ਚੜ੍ਹਾਉਂਦਾ ਹੈ। ਪੌਲੁਸ ਦੀ ਭੇਟ ਕੀ ਸੀ? ਗ਼ੈਰ ਜਾਤੀਆਂ, ਉਹ ਲੋਕ ਜਿਨ੍ਹਾਂ ਨੂੰ ਉਸ ਨੇ ਪ੍ਰਚਾਰ ਕੀਤਾ ਅਤੇ ਜੋ ਉਸ ਦੇ ਪ੍ਰਚਾਰ ਕਰਨ ਦੇ ਦੁਆਰਾ ਬਚਾਏ ਗਏ ਸਨ। ਉਸੇ ਤਰੀਕੇ ਨਾਲ, ਜਦੋਂ ਅਸੀਂ ਦੂਜਿਆਂ ਨੂੰ ਪ੍ਰਚਾਰ ਕਰਦੇ ਹਾਂ ਅਤੇ ਮੁਕਤੀ ਵੱਲ ਉਨ੍ਹਾਂ ਦੀ ਅਗਵਾਈ ਕਰਦੇ ਹਾਂ, ਤਾਂ ਉਹ ਪਰਮੇਸ਼ੁਰ ਦੇ ਲਈ ਸਾਡੀਆਂ ਭੇਟਾਂ ਬਣ ਜਾਂਦੇ ਹਨ।

ਅਸੀਂ ਆਪਣੇ ਪਾਪਾਂ ਦੇ ਲਈ ਆਪਣਾ ਖੁਦ ਦਾ ਲਹੂ ਨਹੀਂ ਦੇ ਸਕਦੇ ਹਾਂ। ਮਸੀਹ ਨੇ ਇਕ ਮਾਤਰ ਬਲੀਦਾਨ ਦਿੱਤਾ ਹੈ ਜੋ ਪਾਪਾਂ ਨੂੰ ਦੂਰ ਕਰਦਾ ਹੈ। ਕਿਉਂਕਿ ਸਾਨੂੰ ਮਸੀਹ ਦੇ ਲਹੂ ਦੇ ਦੁਆਰਾ ਬਚਾਇਆ ਗਿਆ ਹੈ, ਇਸ ਲਈ ਅਸੀਂ ਉਸ ਦੇ ਲਈ ਭੇਟਾਂ ਚੜ੍ਹਾਉਣੀਆਂ ਹਨ। ਕੀ ਅਸੀਂ ਉਹ ਭੇਟਾਂ ਚੜ੍ਹਾ ਰਹੇ ਹਾਂ ਜੋ ਸਾਨੂੰ ਚੜ੍ਹਾਉਣੀਆਂ ਚਾਹੀਦੀਆਂ ਹਨ, ਜਾਂ ਕੀ ਅਸੀਂ ਉਸ ਨੂੰ ਉਸ ਦੀਆਂ ਇੱਛਾਵਾਂ ਅਤੇ ਯੋਗਤਾ ਤੋਂ ਘੱਟ ਦੇ ਰਹੇ ਹਾਂ?

**ਮਸੀਹੀ ਬਲੀਦਾਨ (27:1-8)**

ਪਰਮੇਸ਼ੁਰ ਨੂੰ ਅੱਜ ਆਪਣੇ ਬੱਚਿਆਂ ਕੋਲੋਂ ਪਸ਼ੂ ਬਲੀਆਂ ਦੀ ਲੋੜ ਨਹੀਂ ਹੈ, ਪਰ ਉਸ ਨੂੰ ਬਲੀਦਾਨਾਂ ਦੀ ਲੋੜ ਹੈ। ਸਭ ਤੋਂ ਬੁਨਿਆਦੀ ਬਲੀਦਾਨ ਜੋ ਉਹ ਸਾਡੇ ਤੋਂ ਚਾਹੁੰਦਾ ਹੈ ਉਹ ਸਾਡੇ ਆਪਣੇ ਜੀਵਨ ਹਨ (ਰੋਮੀਆਂ 12:1)। ਉਹ ਇਹ ਨਹੀਂ ਕਹਿੰਦਾ, "ਇਕ ਬਲੀਦਾਨ ਲਿਆਓ ਅਤੇ ਉਸ ਨੂੰ ਮੇਰੇ ਲਈ ਜਗਵੇਦੀ ਤੇ ਰੱਖੋ।" ਸਗੋਂ, ਅਸਲ ਵਿਚ, ਉਹ ਕਹਿੰਦਾ ਹੈ, "ਜਗਵੇਦੀ ਉੱਤੇ ਚੜ੍ਹੋ। ਤੁਸੀਂ ਉਹ ਬਲੀਦਾਨ ਹੋ ਜੋ ਮੈਂ ਚਾਹੁੰਦਾ ਹਾਂ" (ਵੇਖੋ 2 ਕੁਰਿੰਥੀਆਂ 8:5; 2 ਤਿਮੋਥਿਉਸ 4:6)।

### ਮਸੀਹੀ ਜਗਵੇਦੀ (27:1-8)

ਇਸਰਾਏਲ ਦੇ ਕੋਲ ਉਨ੍ਹਾਂ ਦੀ ਜਗਵੇਦੀ ਸੀ। ਕੀ ਮਸੀਹੀਆਂ ਦੇ ਕੋਲ ਜਗਵੇਦੀ ਹੈ। ਨਵੇਂ ਨੇਮ ਦੇ ਸਮੇਂ ਵਿਚ, ਕੁੱਝ ਲੋਕ ਕਹਿ ਰਹੇ ਸਨ ਕਿ ਮਸੀਹੀਆਂ ਦਾ ਨੁਕਸਾਨ ਹੋਇਆ ਸੀ ਕਿਉਂਕਿ, ਯਹੂਦੀਆਂ ਦੇ ਉਲਟ, ਉਨ੍ਹਾਂ ਦੇ ਕੋਲ ਕੋਈ ਜਗਵੇਦੀ ਨਹੀਂ ਸੀ। ਇਬਰਾਨੀਆਂ 13:10 ਕਹਿੰਦੀ ਹੈ, "ਸਾਡੀ ਤਾਂ ਇਕ ਜਗਵੇਦੀ ਹੈ ਜਿਸ ਉੱਤੋਂ ਡੇਹਰੇ ਦੇ ਸੇਵਕਾਂ ਨੂੰ ਖਾਣ ਦਾ ਹੱਕ ਨਹੀਂ।" ਮਸੀਹੀ ਦੀ ਜਗਵੇਦੀ ਕੀ ਹੈ? ਉੱਤਰ ਵੱਖ ਵੱਖ ਹਨ, ਪਰ "ਜਗਵੇਦੀ" ਸ਼ਾਇਦ "ਬਲੀਦਾਨ"[10] ਨੂੰ ਹੀ ਦਰਸਾਉਂਦੀ ਹੈ। ਮਸੀਹੀ ਹੋਣ ਦੇ ਨਾਤੇ, ਸਾਡੇ ਕੋਲ ਇਕ ਬਲੀਦਾਨ ਹੈ ਜੋ ਸਿਰਫ ਸਾਨੂੰ ਲਾਭ ਦਿੰਦਾ ਹੈ - ਸਾਡੇ ਪਾਪਾਂ ਦੇ ਬਦਲੇ ਸਲੀਬ ਉੱਤੇ ਮਸੀਹ ਦਾ ਬਲੀਦਾਨ। ਮੂਸਾ ਦੀ ਜਗਵੇਦੀ ਸਾਨੂੰ ਮਸੀਹ ਦੇ ਬਲੀਦਾਨ ਦੀ ਯਾਦ ਦਿਵਾਉਂਦੀ ਹੈ ਅਤੇ ਸਾਨੂੰ ਖੁਦ ਨੂੰ ਉਸ ਦੇ ਲਈ ਦੇਣ ਦੇ ਲਈ ਤਿਆਰ ਹੋਣ ਦੇ ਲਈ ਕਹਿੰਦੀ ਹੈ।

### ਲਗਾਤਾਰ ਜਲਣ ਵਾਲਾ ਇਕ ਦੀਪਕ - "ਸ਼ਮਾਦਾਨ ਸਦਾ ਜਗਦਾ ਰਹੇ" (27:20)

ਡੇਹਰੇ ਵਿਚ ਇਕ ਸ਼ਮਾਦਾਨ ਸਦਾ ਜਗਦਾ ਰਹਿਣਾ ਚਾਹੀਦਾ ਸੀ। ਇਸੇ ਤਰ੍ਹਾਂ, ਮਸੀਹ ਦੇ ਚੇਲਿਆਂ ਨੂੰ "ਜਗਤ ਦਾ ਚਾਨਣ" ਬਣਨਾ ਹੈ (ਮੱਤੀ 5:14)। ਜਿਵੇਂ ਡੇਹਰੇ ਦਾ ਸ਼ਮਾਦਾਨ ਸਦਾ ਜਗਦਾ ਰਹਿੰਦਾ ਸੀ, ਉਸੇ ਤਰ੍ਹਾਂ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਾਡੀਆਂ ਰੌਸ਼ਨੀਆਂ ਵੀ ਕਦੀ ਨਾ ਬੁੱਝਣ। ਅਸੀਂ ਜੋ ਕੁੱਝ ਵੀ ਹਾਂ, ਅਸੀਂ ਜੋ ਕੁੱਝ ਵੀ ਕਰਦੇ ਹਾਂ, ਲੋਕਾਂ ਨੂੰ ਸਾਡੇ ਜੀਵਨਾਂ ਤੋਂ ਹਰ ਵੇਲੇ ਪਰਮੇਸ਼ੁਰ ਦੀ ਰੌਸ਼ਨੀ ਦਿਖਾਈ ਦੇਣੀ ਚਾਹੀਦੀ ਹੈ।

---

ਟਿੱਪਣੀਆਂ

[1]ਅੰਬਰਟੋ ਕਸੈਟੋ, *ਏ ਕਮੈਂਟਰੀ ਆੱਨ* ਇਸਰਾਏਲ *ਦ ਬੁੱਕ ਆੱਫ਼ ਐਕਸੋਡਸ,* ਅਨੁਵਾਦ ਇਜ਼ਰਾਏਲ ਅਬਰਾਹਾਮਸ (ਯਰੂਸ਼ਲਮ: ਮੈਗਨੇਸ ਪ੍ਰੈੱਸ,1997), 362. [2]ਪਰ, ਜ਼ਬੂਰਾਂ 118:27 ਦਾ ਅਨੁਵਾਦ ਅਨਿਸ਼ਚਤ ਹੈ। ਜੇਮਸ ਬਰਟਨ ਕੌਫ਼ਮੈਨ ਦਾ ਇਹ ਵਿਚਾਰ ਕਿ ਸਿੰਙ ਇਸ ਤਰ੍ਹਾਂ ਦਿੱਸਦੇ ਸਨ ਜਿਵੇਂ ਪ੍ਰਾਰਥਨਾ ਵਿਚ ਹੱਥਾਂ ਨੂੰ ਉੱਪਰ ਚੁੱਕਿਆ ਹੋਇਆ ਹੋਵੇ ਅਤੇ ਪਰਮੇਸ਼ੁਰ ਨੂੰ "ਸੁਰੱਖਿਆ ਅਤੇ ਸਹਾਇਤਾ ਦੇ ਲਈ" ਪਰਮੇਸ਼ੁਰ ਨੂੰ ਨਿਰਦੇਸ਼ਿਤ ਪ੍ਰਾਰਥਨਾ ਦਾ ਸੰਕੇਤ ਦਿੰਦੇ ਸਨ, ਪਰ ਇਹ ਇਕ ਕਲਪਨਾ ਹੈ। (ਵੇਖੋ ਜੇਮਸ ਬਰਟਨ ਕੌਫ਼ਮੈਨ, *ਕਮੈਂਚਰੀ ਆੱਨ ਐਕਸੋਡਸ, ਦ ਸੈਕੰਡ ਬੁੱਕ ਆਫ਼ ਮੋਜਸ* [ਅਬੀਲੀਨ, ਟੈਕਸਾਸ: ACU ਪ੍ਰੈੱਸ, 1985], 380-81.) [3]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 462. [4]ਐਡਵਰਡ ਬਾੱਲ ਵਿਚ ਫੋਟੋਆਂ ਵੇਖੋ, "ਹੋਰਨਸ ਆਫ਼ ਦੀ ਅਲਟਾਰ," *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ, ਸੋਧ ਅਤੇ ਸੰਪਾ., ਸੰਪਾਦਨ. ਜੈਫ਼ਰੀ ਡਬਲਿਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1982), 2:758, ਅਤੇ ਰਾਲਫ਼ ਗੋਵਰ, *ਦ ਨਿਊ ਮੈਨਰਸ ਐਂਡ ਕਸਟਮਸ ਆਫ਼ ਬਾਈਬਲ ਟਾਈਮਸ* (ਸ਼ਿਕਾਗੋ: ਮੂਡੀ ਪ੍ਰੈੱਸ, 1987), 363. [5]ਜੌਨ. ਆਈ. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 375. [6]ਪੀਟਰ ਐਨੇਸ, *ਐਕਸੋਡਸ,* NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ, 2000), 520. [7]ਆਰ. ਐਲਨ ਕੋਲ, *ਐਕਸੋਡਸ:ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973), 197. [8]ਉਸੇ ਸਥਾਨ ਤੇ, 198. [9]ਕੇਸਰ, 464. [10]ਨੀਲ ਆਰ. ਲਾਇਟਫੁਟ,*ਜੀਜਸ ਕ੍ਰਾਈਸਟ ਟੂਡੇ: ਏ ਕਮੈਂਟਰੀ ਆੱਨ ਦੀ ਬੁੱਕ ਆੱਫ਼ ਹਿਬ੍ਰਊਜ਼* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1976), 250.